ਘੁਟਾਲਿਆਂ ਤੋਂ ਬਚਕੇ ਰਹਿਣਾ

ਸਾਡੇ ਲਈ CommBank ਵਿੱਚ ਭਰੋਸਾ ਅਤੇ ਸੁਰੱਖਿਆ ਸਭ ਤੋਂ ਵੱਡੀ ਤਰਜੀਹ ਹੈ। ਅਸੀਂ ਗਾਹਕਾਂ ਨਾਲ ਵੱਧਦੀਆਂ ਘਟਨਾਵਾਂ ਦੇਖ ਰਹੇ ਹਾਂ ਜਿੱਥੇ ਗਾਹਕਾਂ 'ਤੇ ਘੁਟਾਲੇ ਕਰਨ ਵਾਲਿਆਂ ਦੁਆਰਾ ਉਹਨਾਂ ਨੂੰ ਪੈਸੇ ਭੇਜਣ ਲਈ ਦਬਾਅ ਪਾਇਆ ਜਾਂਦਾ ਹੈ ਜਾਂ ਠੱਗ ਲਿਆ ਜਾਂਦਾ ਹੈ। ਇਹ ਘੁਟਾਲੇ ਅਕਸਰ ਬਹੁਤ ਸੂਝਤਾ ਨਾਲ ਕੀਤੇ ਗਏ ਹੋ ਸਕਦੇ ਹਨ ਅਤੇ ਵੱਖ-ਵੱਖ ਰੂਪਾਂ ਵਿੱਚ ਹੋ ਸਕਦੇ ਹਨ। ਇਹ ਮਹੱਤਵਪੂਰਨ ਹੈ ਕਿ ਤੁਸੀਂ ਸਾਵਧਾਨ ਰਹੋ ਅਤੇ ਜੇ ਕੁੱਝ ਠੀਕ ਨਹੀਂ ਲੱਗਦਾ ਹੈ ਤਾਂ ਸਾਨੂੰ ਜ਼ਰੂਰ ਦੱਸੋ। ਆਪਣੇ ਆਪ ਨੂੰ ਕਿਵੇਂ ਬਚਾਉਣਾ ਹੈ ਅਤੇ ਠੱਗੀ ਦੀ ਰਿਪੋਰਟ ਕਿਵੇਂ ਕਰਨੀ ਹੈ, ਇਸ ਬਾਰੇ ਹੋਰ ਜਾਣਨ ਲਈ **commbank.com.au/safe** ਵੇਖੋ।

ਪ੍ਰਮਾਣੀਕਰਨ ਅਤੇ ਪੁਸ਼ਟੀਕਰਨ

- CommBank ਐਪ ਵਿੱਚ ਜਾ ਕੇ ਸੁਰੱਖਿਆ ਚੈੱਕ-ਅਪ ਪੂਰਾ ਕਰੋ।
- ਬਹੁ-ਤੱਥੀ (ਮਲਟੀ-ਫੈਕਟਰ) ਪ੍ਰਮਾਣੀਕਰਨ ਨੂੰ ਚਾਲੂ ਕਰੋ, ਜੋ ਤੁਹਾਡੀ ਸ਼ਨਾਖ਼ਤ ਨੂੰ ਸਾਬਤ ਕਰਨ ਲਈ ਇੱਕ ਵਾਧੂ ਜਾਂਚ ਵਿੱਚ ਜੋੜਦਾ ਹੈ।
- ਬੈਂਕ ਤੋਂ ਹੋਣ ਦਾ ਦਾਅਵਾ ਕਰਨ ਵਾਲੇ ਫ਼ੋਨ ਕਰਨ ਵਾਲੇ ਦੀ ਸ਼ਨਾਖ਼ਤ ਦੀ ਪੁਸ਼ਟੀ ਕਰਨ ਲਈ **CallerCheck** ਦੀ ਵਰਤੋਂ ਕਰੋ।
- ਸ਼ਾਖਾ ਵਿੱਚ ਸਾਡੇ ਸਟਾਫ਼ ਦੇ ਸਾਹਮਣੇ ਆਪਣੀ ਸ਼ਨਾਖ਼ਤ ਦੀ ਪੁਸ਼ਟੀ ਕਰਨ ਲਈ **CustomerCheck** ਦੀ ਵਰਤੋਂ ਕਰੋ।
- ਜੇਕਰ ਪਹਿਲੀ ਵਾਰ ਭੁਗਤਾਨ ਕਰਨ ਸਮੇਂ ਉਸ ਖਾਤੇ ਦੇ ਵੇਰਵੇ ਸਹੀ ਨਹੀਂ ਲੱਗਦੇ ਤਾਂ **NameCheck** ਤੁਹਾਨੂੰ ਸਾਵਧਾਨ ਕਰੇਗਾ।

ਪਾਸਵਰਡ ਅਤੇ ਨਿੱਜੀ ਜਾਣਕਾਰੀ

- ਕਦੇ ਵੀ ਕਿਸੇ ਨਾਲ ਆਪਣੇ ਪਾਸਵਰਡ ਜਾਂ ਪਿੰਨ ਸਾਂਝੇ ਨਾ ਕਰੋ, ਅਤੇ ਨਿੱਜੀ ਜਾਣਕਾਰੀ ਸਾਂਝੀ ਕਰਦੇ ਸਮੇਂ ਸਾਵਧਾਨ ਰਹੋ।
- ਕਦੇ ਵੀ ਕਿਸੇ ਨੂੰ ਆਪਣਾ ਨੈੱਟਕੋਡ ਨਾ ਦਿਓ, ਇਸ ਵਿੱਚ CommBank ਸਟਾਫ਼ ਵੀ ਸ਼ਾਮਿਲ ਹੈ।
- ਤੁਸੀਂ ਕਿਸੇ ਵੀ ਸਮੇਂ NetBank ਅਤੇ CommBank ਐਪ ਵਿੱਚ ਆਪਣਾ ਪਾਸਵਰਡ ਬਦਲ ਸਕਦੇ ਹੋ।
- ਮਜ਼ਬੂਤ ਪਾਸਵਰਡ ਰੱਖੋ ਅਤੇ ਉਹਨਾਂ ਨੂੰ ਸਮੇਂ-ਸਮੇਂ 'ਤੇ ਬਦਲੋ। ਪਾਸਵਰਡ ਰੱਖਣ ਬਾਰੇ ਸਾਡੇ ਸੁਝਾਵਾਂ ਲਈ, commbank.com.au/password-security 'ਤੇ ਜਾਓ।

ਯੰਤਰ ਅਤੇ ਭੁਗਤਾਨ ਸੁਰੱਖਿਆ

- ਐਂਟੀ-ਵਾਇਰਸ ਸੌਫ਼ਟਵੇਅਰ ਨੂੰ ਅੱਪ-ਟੂ-ਡੇਟ ਰੱਖੋ ਅਤੇ ਆਪਣੇ ਕੰਪਿਊਟਰ ਨੂੰ ਆਮ ਖ਼ਤਰਿਆਂ ਤੋਂ ਬਚਾਓ।
- ਸੁਰੱਖਿਅਤ ਭੁਗਤਾਨ ਵਿਧੀਆਂ ਦੀ ਵਰਤੋਂ ਕਰੋ ਜਿਵੇਂ ਕਿ ਆਪਣੇ ਕਾਰਡ ਨੂੰ ਟੈਪ ਕਰਨਾ ਜਾਂ ਮਸ਼ੀਨ ਵਿੱਚ ਪਾਉਣਾ।
- ਉਹਨਾਂ ਯੰਤਰਾਂ ਨੂੰ ਕਿਸੇ ਨਾਲ ਸਾਂਝਾ ਨਾ ਕਰੋ ਜਿਨ੍ਹਾਂ ਵਿੱਚ ਤੁਹਾਡੇ ਡਿਜ਼ੀਟਲ ਵੌਲੈਟ ਤੱਕ ਪਹੁੰਚ ਹੈ।

ਈਮੇਲ, SMS ਅਤੇ ਔਨਲਾਈਨ

- ਸ਼ੱਕੀ ਈਮੇਲਾਂ ਜਾਂ SMS ਵਿੱਚ ਆਏ ਲਿੰਕਾਂ 'ਤੇ ਕਲਿੱਕ ਨਾ ਕਰੋ।
- ਜੇਕਰ ਤੁਸੀਂ ਕਿਸੇ ਆਏ ਮੈਸਜ਼ ਬਾਰੇ ਯਕੀਨੀ ਨਹੀਂ ਹੋ, ਤਾਂ ਇਸ ਬਾਰੇ ਕਿਸੇ ਅਜਿਹੇ ਵਿਅਕਤੀ ਨਾਲ ਗੱਲ ਕਰੋ ਜਿਸ 'ਤੇ ਤੁਸੀਂ ਭਰੋਸਾ ਕਰਦੇ ਹੋ ਜਾਂ ਅਧਿਕਾਰਤ ਸੰਪਰਕ ਵੇਰਵਿਆਂ ਰਾਹੀਂ ਸਿੱਧੇ ਉਸ ਸੰਸਥਾ ਨਾਲ ਸੰਪਰਕ ਕਰੋ।
- ਤੀਜੀਆਂ ਧਿਰਾਂ ਤੋਂ ਆਈਆਂ ਸਵੈਚਾਲਿਤ, ਸ਼ੱਕੀ ਜਾਂ ਧਮਕੀ ਭਰੀਆਂ ਫ਼ੋਨ ਕਾਲਾਂ ਨੂੰ ਕੱਟ ਦਿਓ।
- ਸੋਸ਼ਲ ਮੀਡੀਆ ਅਤੇ ਔਨਲਾਈਨ ਪਲੇਟਫਾਰਮਾਂ 'ਤੇ ਅਣਜਾਣ ਸੰਪਰਕਾਂ ਤੋਂ ਸਾਵਧਾਨ ਰਹੋ।

ਰੁਕੋ। ਜਾਂਚੋ। ਅਸਵੀਕਾਰ ਕਰੋ।

ਰੁਕੋ। ਕੀ ਕੁੱਝ ਸਹੀ ਨਹੀਂ ਲੱਗ ਰਿਹਾ ਹੈ? ਜੇ ਸ਼ੱਕ ਹੈ, ਤਾਂ ਕਰਨ ਲਈ ਸਭ ਤੋਂ ਵਧੀਆ ਕੰਮ ਰੁਕਣਾ ਹੈ। ਸਾਹ ਲਓ।
ਜਾਂਚੋ। ਕਿਸੇ ਅਜਿਹੇ ਵਿਅਕਤੀ ਨੂੰ ਪੁੱਛੋ ਜਿਸ 'ਤੇ ਤੁਸੀਂ ਭਰੋਸਾ ਕਰਦੇ ਹੋ ਜਾਂ ਉਸ ਸੰਸਥਾ ਦੇ ਅਧਿਕਾਰਤ ਵੇਰਵਿਆਂ ਦੀ ਵਰਤੋਂ ਕਰਦੇ ਹੋਏ, ਉਹਨਾਂ ਨਾਲ ਸਿੱਧਾ ਸੰਪਰਕ ਕਰੋ।
ਅਸਵੀਕਾਰ ਕਰੋ। ਉਸ ਫ਼ੋਨ ਕਰਨ ਵਾਲੇ ਦੀ ਕਾਲ ਨੂੰ ਕੱਟ ਦਿਓ, ਈਮੇਲ ਡਿਲੀਟ ਕਰ ਦਿਓ, ਫ਼ੋਨ ਨੰਬਰ ਨੂੰ ਬਲੌਕ ਕਰ ਦਿਓ। ਆਪਣੇ ਪਾਸਵਰਡ ਬਦਲ ਲਓ।

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਕਿਸੇ ਘੁਟਾਲੇ ਦੇ ਸ਼ਿਕਾਰ ਹੋ ਗਏ ਹੋ, ਤਾਂ ਤੁਰੰਤ CommBank ਨੂੰ **13 22 21**, ਜਾਂ ਵਿਦੇਸ਼ ਤੋਂ **+61 2 9999 3283** 'ਤੇ ਸੰਪਰਕ ਕਰੋ।

ਜੇਕਰ ਅੰਗਰੇਜ਼ੀ ਤੁਹਾਡੀ ਪਹਿਲੀ ਭਾਸ਼ਾ ਨਹੀਂ ਹੈ, ਤਾਂ ਸਰਕਾਰ ਦੀ ਮੁਫ਼ਤ ਅਨੁਵਾਦ ਅਤੇ ਦੁਭਾਸ਼ੀਆ ਸੇਵਾ ਸਾਡੇ ਨਾਲ ਗੱਲ ਕਰਨ ਵਿੱਚ ਤੁਹਾਡੀ ਸਹਾਇਤਾ ਕਰ ਸਕਦੀ ਹੈ। ਇਹ ਸੇਵਾ 150 ਤੋਂ ਵੱਧ ਭਾਸ਼ਾਵਾਂ ਵਿੱਚ ਉਪਲਬਧ ਹੈ। ਅਸੀਂ ਇਸ ਸੇਵਾ ਦਾ ਪ੍ਰਬੰਧ ਕਰ ਸਕਦੇ ਹਾਂ ਜਦੋਂ ਤੁਸੀਂ ਸਾਨੂੰ ਫ਼ੋਨ ਕਰਦੇ ਹੋ ਜਾਂ ਸਾਨੂੰ ਸ਼ਾਖਾ ਵਿੱਚ ਮਿਲਣ ਲਈ ਆਉਂਦੇ ਹੋ।

ਤੁਹਾਨੂੰ ਇਹ ਗੱਲਾਂ ਪਤਾ ਹੋਣੀਆਂ ਚਾਹੀਦੀਆਂ ਹਨ ਕਿ: ਅਸੀਂ ਤੁਹਾਨੂੰ ਕਦੇ ਵੀ ਤੁਹਾਡੀ NetBank ਕਲਾਇੰਟ ID, ਪਾਸਵਰਡ, ਜਾਂ NetCode ਵਰਗੀ ਬੈਂਕਿੰਗ ਜਾਣਕਾਰੀ ਮੰਗਣ ਲਈ ਕੋਈ ਈਮੇਲ ਜਾਂ SMS ਨਹੀਂ ਭੇਜਾਂਗੇ; ਜਾਂ ਈਮੇਲ ਜਾਂ SMS ਰਾਹੀਂ ਸਿੱਧੇ ਲੌਗਇਨ ਕਰਨ ਲਈ ਲਿੰਕ ਭੇਜਾਂਗੇ। ਹਮੇਸ਼ਾ ਬ੍ਰਾਊਜ਼ਰ ਵਿੱਚ commbank.com.au ਟਾਈਪ ਕਰੋ ਜਾਂ ਆਪਣੀ ਬੈਂਕਿੰਗ ਤੱਕ ਸੁਰੱਖਿਅਤ ਢੰਗ ਨਾਲ ਪਹੁੰਚ ਕਰਨ ਲਈ Commbank ਐਪ ਦੀ ਵਰਤੋਂ ਕਰੋ। ਜੇਕਰ CommBank ਤੋਂ ਕੋਈ ਚੀਜ਼ ਸ਼ੱਕੀ ਲੱਗਦੀ ਹੈ, ਤਾਂ ਇਸਨੂੰ hoax@cba.com.au 'ਤੇ ਭੇਜੋ ਅਤੇ ਇਸਨੂੰ ਡਿਲੀਟ ਕਰ ਦਿਓ। ਕਾਮਨਵੈਲਥ ਬੈਂਕ ਆਫ਼ ਆਸਟ੍ਰੇਲੀਆ ABN 48 123 123 124 AFSL ਅਤੇ ਆਸਟ੍ਰੇਲੀਅਨ ਕ੍ਰੈਡਿਟ ਲਾਇਸੈਂਸ 234945

Commonwealth Bank

ਪ੍ਰਕਾਸ਼ਿਤ 01/06/2024

ਆਮ ਹੁੰਦੇ ਘੁਟਾਲਿਆਂ ਬਾਰੇ ਮਹੱਤਵਪੂਰਨ ਜਾਣਕਾਰੀ

ਨਿਵੇਸ਼ (ਕ੍ਰਿਪਟੋ ਸਮੇਤ)

ਘੁਟਾਲੇਬਾਜ਼ ਲੋਕਾਂ ਨੂੰ ਭਾਰੀ ਮੁਨਾਫ਼ਾ ਦਿਵਾਉਣ ਦੇ ਵਾਅਦੇ ਨਾਲ ਭਰਮਾਉਂਦੇ ਹਨ, ਅਕਸਰ ਇਸ ਵਿੱਚ ਕ੍ਰਿਪਟੋ ਜਾਂ ਹੋਰ ਕਿਸਮ ਦੇ ਨਿਵੇਸ਼ ਦੇ ਮੌਕੇ ਸ਼ਾਮਲ ਹੁੰਦੇ ਹਨ। ਘੁਟਾਲੇ ਕਰਨ ਵਾਲੇ ਤੁਹਾਡੇ ਨਾਲ ਫ਼ੋਨ, ਈਮੇਲ ਜਾਂ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਸੰਪਰਕ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ।

ਆਪਣੇ ਆਪ ਨੂੰ ਬਚਾਉਣ ਲਈ ਸੁਝਾਅ:

- ਜੇ ਇਸਦਾ ਸੱਚ ਹੋਣਾ ਬਹੁਤ ਹੀ ਵਧੀਆ ਲੱਗ ਰਿਹਾ ਹੈ, ਤਾਂ ਇਹ ਸ਼ਾਇਦ ਇੱਕ ਘੁਟਾਲਾ ਹੀ ਹੈ।
- ਬੇਲੋੜੀਆਂ ਪੇਸ਼ਕਸ਼ਾਂ ਅਤੇ ਜਲਦੀ ਨਿਵੇਸ਼ ਕਰਨ ਜਾਂ ਤੁਰੰਤ ਕਾਰਵਾਈ ਕਰਨ ਲਈ ਪਾਏ ਜਾ ਰਹੇ ਦਬਾਅ ਤੋਂ ਸਾਵਧਾਨ ਰਹੋ।
- ਪਹਿਲਾਂ ASIC ਦੀ ਵੈੱਬਸਾਈਟ 'ਤੇ ਕੰਪਨੀ ਜਾਂ ਬ੍ਰੋਕਰ ਦੀ ਵੈਧਤਾ ਦੀ ਪੁਸ਼ਟੀ ਕਰੋ।

ਰਿਮੋਟ ਪਹੁੰਚ

ਜਿੱਥੇ ਇੱਕ ਘੁਟਾਲਾ ਕਰਨ ਵਾਲਾ ਤੁਹਾਨੂੰ ਫ਼ੋਨ ਕਰਦਾ ਹੈ ਅਤੇ ਕਿਸੇ ਭਰੋਸੇਯੋਗ ਕੰਪਨੀ ਜਾਂ ਸੰਸਥਾ ਤੋਂ ਹੋਣ ਦਾ ਦਿਖਾਵਾ ਕਰਦੇ ਹੋਏ ਤੁਹਾਡੇ ਖਾਤਿਆਂ ਜਾਂ ਯੰਤਰ (ਡਿਵਾਈਸ) ਤੱਕ ਪਹੁੰਚ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ।

ਆਪਣੇ ਆਪ ਨੂੰ ਬਚਾਉਣ ਲਈ ਸੁਝਾਅ:

- ਕਿਸੇ ਤੀਜੀ-ਧਿਰ ਦੇ ਫ਼ੋਨ ਕਰਨ ਵਾਲੇ ਵਿਅਕਤੀ ਵੱਲੋਂ ਬੇਨਤੀ ਕੀਤੇ ਜਾਣ 'ਤੇ ਜਾਂ ਦਬਾਅ ਪਾਏ ਜਾਣ 'ਤੇ ਕਦੇ ਵੀ ਰਿਮੋਟ ਐਕਸੈਸ ਸੌਫ਼ਟਵੇਅਰ ਨੂੰ ਡਾਊਨਲੋਡ ਨਾ ਕਰੋ।
- ਤੁਸੀਂ ਹਰੇਕ ਸੰਸਥਾ ਨੂੰ ਉਸਦੀ ਅਧਿਕਾਰਤ ਵੈੱਬਸਾਈਟ 'ਤੇ ਦਿੱਤੇ ਗਏ ਜਾਇਜ਼ ਸੰਪਰਕ ਵੇਰਵਿਆਂ ਦੀ ਵਰਤੋਂ ਕਰਕੇ ਹਮੇਸ਼ਾ ਫ਼ੋਨ ਕਰ ਸਕਦੇ ਹੋ।
- ਜੇਕਰ ਤੁਹਾਨੂੰ CommBank ਤੋਂ ਹੋਣ ਦਾ ਦਾਅਵਾ ਕਰਨ ਵਾਲੇ ਵਿਆਕਤੀ ਵੱਲੋਂ ਫ਼ੋਨ ਕਾਲ ਆਉਂਦੀ ਹੈ, ਤਾਂ ਤੁਸੀਂ ਹਮੇਸ਼ਾ ਸਾਨੂੰ ਐਪ ਵਿਚਲੀ CallerCheck ਸੁਵਿਧਾ ਦੀ ਵਰਤੋਂ ਕਰਕੇ ਇਸ ਕਾਲ ਦੀ ਪੁਸ਼ਟੀ ਕਰਨ ਲਈ ਕਹਿ ਸਕਦੇ ਹੋ।

ਕਾਰੋਬਾਰ ਦੀ ਈਮੇਲ ਨੂੰ ਹਥਿਆਉਣਾ

ਘੁਟਾਲੇਬਾਜ਼ ਕਿਸੇ ਹਥਿਆਏ ਗਏ ਈਮੇਲ ਪਤੇ ਤੋਂ ਕਾਰੋਬਾਰਾਂ ਨੂੰ ਈਮੇਲਾਂ ਰਾਹੀਂ ਨਿਸ਼ਾਨਾ ਬਣਾ ਸਕਦੇ ਹਨ, ਜਾਂ ਇਸ ਤਰ੍ਹਾਂ ਦਿਖਾਈ ਦਿੰਦੇ ਹੋਏ ਈਮੇਲ ਕਰਦੇ ਹਨ ਜਿਵੇਂ ਕਿ ਉਹ ਕਿਸੇ ਭਰੋਸੇਯੋਗ ਸੰਪਰਕ ਤੋਂ ਆਏ ਹਨ ਜਿਵੇਂ ਕਿ: ਤੁਹਾਡਾ ਸਹਾਇਕ, ਗਾਹਕ, ਵਕੀਲ, ਮੈਨੇਜਰ ਜਾਂ ਸਪਲਾਇਰ।

ਆਪਣੇ ਆਪ ਨੂੰ ਬਚਾਉਣ ਲਈ ਸੁਝਾਅ:

- ਪਹਿਲੀ ਵਾਰ ਭੁਗਤਾਨ ਕਰਨ ਵੇਲੇ ਜਾਂ ਭੁਗਤਾਨ ਦੇ ਵੇਰਵਿਆਂ ਵਿੱਚ ਤਬਦੀਲੀ ਕਰਨ ਤੋਂ ਪਹਿਲਾਂ, ਇਨ੍ਹਾਂ ਵੇਰਵਿਆਂ ਦੀ ਪੁਸ਼ਟੀ ਕਰਨ ਲਈ ਉਸ ਸੰਸਥਾ ਨੂੰ ਉਸਦੇ ਅਧਿਕਾਰਤ ਸੰਪਰਕ ਨੰਬਰ 'ਤੇ ਫ਼ੋਨ ਕਰੋ।
- ਇਹ ਦੇਖਣ ਲਈ ਕਿ ਕੀ ਖਾਤੇ ਦਾ ਨਾਮ, BSB ਅਤੇ ਦਿੱਤੇ ਗਏ ਖਾਤਾ ਨੰਬਰ ਨਾਲ ਮੇਲ ਖਾਂਦਾ ਹੈ, ਭੁਗਤਾਨ ਕਰਦੇ ਸਮੇਂ NameCheck ਸੁਵਿਧਾ ਦੀ ਵਰਤੋਂ ਕਰੋ।
- ਫਿਸ਼ਿੰਗ ਦੀਆਂ ਕੋਸ਼ਿਸ਼ਾਂ ਨੂੰ ਪਛਾਣਨ ਅਤੇ ਰਿਪੋਰਟ ਕਰਨ ਲਈ ਕਰਮਚਾਰੀਆਂ ਨੂੰ ਸਿਖਲਾਈ ਦਿਓ।

ਫਿਸ਼ਿੰਗ ਅਤੇ ਸਮਿਸ਼ਿੰਗ

ਘੁਟਾਲੇ ਕਰਨ ਵਾਲੇ ਘੁਟਾਲੇਬਾਜ਼ ਈਮੇਲਾਂ ਜਾਂ ਟੈਕਸਟ ਮੈਸਜ਼ਾਂ ਦੀ ਵਰਤੋਂ ਕਰਦੇ ਹਨ ਜਿਸ ਵਿੱਚ ਇੱਕ ਲਿੰਕ ਹੋ ਸਕਦਾ ਹੈ ਜੋ ਤੁਹਾਨੂੰ ਕਿਸੇ ਧੋਖਾਧੜੀ ਵਾਲੀ ਵੈੱਬਸਾਈਟ 'ਤੇ ਭੇਜ ਸਕਦਾ ਹੈ ਜਾਂ ਸੰਵੇਦਨਸ਼ੀਲ ਨਿੱਜੀ ਜਾਣਕਾਰੀ ਮੰਗ ਸਕਦਾ ਹੈ।

ਆਪਣੇ ਆਪ ਨੂੰ ਬਚਾਉਣ ਲਈ ਸੁਝਾਅ:

- ਸ਼ੱਕੀ ਈਮੇਲਾਂ ਜਾਂ SMS ਵਿੱਚ ਆਏ ਲਿੰਕਾਂ 'ਤੇ ਕਲਿੱਕ ਨਾ ਕਰੋ।
- ਤੁਸੀਂ ਉਸ ਸੰਸਥਾ ਨਾਲ ਸਿੱਧੇ ਸੰਪਰਕ ਕਰਕੇ, ਉਪਲਬਧ ਅਧਿਕਾਰਤ ਸੰਪਰਕ ਤਰੀਕਿਆਂ ਦੀ ਵਰਤੋਂ ਕਰਕੇ ਕਿਸੇ ਸੰਦੇਸ਼ ਦੀ ਪ੍ਰਮਾਣਿਕਤਾ ਦੀ ਪੁਸ਼ਟੀ ਕਰ ਸਕਦੇ ਹੋ।
- CommBank ਵੱਲੋਂ ਆਏ ਕਿਸੇ ਵੀ ਸ਼ੱਕੀ ਸੰਦੇਸ਼ ਦੀ ਰਿਪੋਰਟ hoax@cba.com.au 'ਤੇ ਕਰੋ।

ਆਮ ਹੁੰਦੇ ਘੁਟਾਲਿਆਂ ਬਾਰੇ ਮਹੱਤਵਪੂਰਨ ਜਾਣਕਾਰੀ

ਰਿਸ਼ਤੇ

ਘੁਟਾਲੇ ਕਰਨ ਵਾਲੇ ਰਿਸ਼ਤੇ ਬਣਾਉਣ ਲਈ ਜਾਅਲੀ ਪ੍ਰੋਫਾਈਲ ਬਣਾਉਂਦੇ ਹਨ ਅਤੇ ਪੀੜਤਾਂ ਨੂੰ ਪੈਸੇ ਜਾਂ ਨਿੱਜੀ ਜਾਣਕਾਰੀ ਭੇਜਣ ਲਈ ਹੇਰਾਫੇਰੀ ਕਰਦੇ ਹਨ।

ਆਪਣੇ ਆਪ ਨੂੰ ਬਚਾਉਣ ਲਈ ਸੁਝਾਅ:

- ਕਦੇ ਵੀ ਕਿਸੇ ਅਜਿਹੇ ਵਿਅਕਤੀ ਨੂੰ ਪੈਸੇ ਨਾ ਭੇਜੋ, ਜਾਂ ਪਾਸਵਰਡ, ਕ੍ਰੈਡਿਟ ਕਾਰਡ ਜਾਂ ਖਾਤੇ ਦੇ ਵੇਰਵੇ ਸਾਂਝੇ ਨਾ ਕਰੋ ਜਿਸ 'ਤੇ ਤੁਹਾਨੂੰ ਭਰੋਸਾ ਨਹੀਂ ਹੈ।
- Google ਜਾਂ ਸੋਸ਼ਲ ਮੀਡੀਆ ਐਪਾਂ ਰਾਹੀਂ ਆਪਣੇ ਸੰਭਾਵੀ ਸਾਥੀ ਦੀ ਔਨਲਾਈਨ ਖੋਜ ਕਰੋ। ਉਲਟ ਚਿੱਤਰ ਖੋਜ ਕਰਨ ਦੀ ਕੋਸ਼ਿਸ਼ ਕਰੋ ਤਾਂ ਜੋ ਇਹ ਪਤਾ ਲੱਗ ਸਕੇ ਕਿ ਜਿਹੜੀਆਂ ਫ਼ੋਟੋਆਂ ਤੁਹਾਨੂੰ ਭੇਜੀਆਂ ਗਈਆਂ ਹਨ ਉਹ ਕਿਸੇ ਹੋਰ ਦੀਆਂ ਤਾਂ ਨਹੀਂ ਹਨ।
- ਆਪਣੇ ਔਨਲਾਈਨ ਰਿਸ਼ਤੇ ਬਾਰੇ ਆਪਣੇ ਪਰਿਵਾਰ ਅਤੇ ਦੋਸਤਾਂ ਨਾਲ ਗੱਲ ਕਰੋ। ਉਹ ਤੁਹਾਨੂੰ ਅਜਿਹੇ ਨਜ਼ਰੀਏ ਦੇ ਸਕਦੇ ਹਨ ਅਤੇ ਚੇਤਾਵਨੀ ਦੇ ਸੰਕੇਤਾਂ ਦੀ ਪਹਿਚਾਣ ਕਰ ਸਕਦੇ ਹਨ ਜੋ ਸ਼ਾਇਦ ਤੁਸੀਂ ਨਾ ਵੇਖੇ ਹੋਣ।

ਰੁਜ਼ਗਾਰ ਦੇ ਮੌਕੇ



ਜਿੱਥੇ ਨੌਕਰੀ ਦੀ ਪੇਸ਼ਕਸ਼ ਵਿੱਚ ਘੱਟ ਜਾਂ ਬਿਨਾਂ ਕਿਸੇ ਮਿਹਨਤ ਦੇ ਬਹੁਤ ਜ਼ਿਆਦਾ ਵਿੱਤੀ ਲਾਭ ਮਿਲਦਾ ਲੱਗਦਾ ਹੈ, ਜਾਂ ਜੋ ਤੇਜ਼ੀ ਨਾਲ ਪੈਸਾ ਕਮਾਉਣ ਦਾ ਵਾਅਦਾ ਕਰਦੀ ਹੈ।

ਆਪਣੇ ਆਪ ਨੂੰ ਬਚਾਉਣ ਲਈ ਸੁਝਾਅ:

- ਅਧਿਕਾਰਤ ਮਾਧਿਅਮਾਂ ਰਾਹੀਂ ਉਸ ਕੰਪਨੀ ਅਤੇ ਪੇਸ਼ਕਸ਼ ਦੀ ਪੁਸ਼ਟੀ ਕਰੋ, ਅਤੇ ਇਹ ਯਕੀਨੀ ਬਣਾਉਣ ਲਈ ਕੰਪਨੀ ਬਾਰੇ ਜਾਂਚ-ਪੜਤਾਲ ਕਰੋ ਕਿ ਉਹ ਜਾਇਜ਼ ਕਾਰੋਬਾਰ ਹਨ ਅਤੇ ਇਸ ਸਮੇਂ ਵਪਾਰ ਕਰ ਰਹੇ ਹਨ।
- ਸੋਸ਼ਲ ਮੀਡੀਆ, ਇਨਕ੍ਰਿਪਟਿਡ ਚੈਟ, ਈਮੇਲ, ਫ਼ੋਨ ਜਾਂ ਚਿੱਠੀ ਰਾਹੀਂ ਮਿਲੀਆਂ ਨੌਕਰੀ ਦੀਆਂ ਪੇਸ਼ਕਸ਼ਾਂ ਤੋਂ ਸਾਵਧਾਨ ਰਹੋ ਜਿਹੜੀਆਂ ਅਜਿਹੇ ਲੋਕਾਂ ਜਾਂ ਕੰਪਨੀਆਂ ਤੋਂ ਆਉਂਦੀਆਂ ਹਨ ਜਿਨ੍ਹਾਂ ਨੂੰ ਤੁਸੀਂ ਨਹੀਂ ਮਿਲੇ ਜਾਂ ਨਹੀਂ ਜਾਣਦੇ ਹੋ।
- ਇੱਕ ਜਾਇਜ਼ ਕੰਪਨੀ ਕਦੇ ਵੀ ਤੁਹਾਨੂੰ ਪਹਿਲਾਂ ਅਗਾਊਂ ਭੁਗਤਾਨ ਕਰਨ ਜਾਂ ਕੰਪਨੀ ਦੇ ਪੈਸਿਆਂ ਜਾਂ ਵਪਾਰ ਨੂੰ ਆਸਾਨ ਬਣਾਉਣ ਲਈ ਤੁਹਾਡੀ ਨਿੱਜੀ ਬੈਂਕਿੰਗ ਜਾਣਕਾਰੀ ਦੀ ਵਰਤੋਂ ਕਰਨ ਲਈ ਨਹੀਂ ਕਹੇਗੀ।

ਔਨਲਾਈਨ ਖ਼ਰੀਦਦਾਰੀ

ਘਪਲੇਬਾਜ਼ ਖ਼ਰੀਦਦਾਰਾਂ ਨੂੰ ਗ਼ੈਰ-ਮੌਜੂਦ ਜਾਂ ਨਕਲੀ ਉਤਪਾਦ ਖ਼ਰੀਦਣ ਲਈ ਲੁਭਾਉਣ ਲਈ ਔਨਲਾਈਨ ਸਟੋਰ ਜਾਂ ਵਿਗਿਆਪਨ ਬਣਾਉਂਦੇ ਹਨ।

ਆਪਣੇ ਆਪ ਨੂੰ ਬਚਾਉਣ ਲਈ ਸੁਝਾਅ:

- ਸਿਰਫ਼ ਨਾਮਵਰ ਅਤੇ ਸੁਰੱਖਿਅਤ ਵੈੱਬਸਾਈਟਾਂ ਤੋਂ ਹੀ ਖ਼ਰੀਦਦਾਰੀ ਕਰੋ ਅਤੇ ਕਿਸੇ ਵੀ ਅਜਿਹੀ ਪੇਸ਼ਕਸ਼ ਤੋਂ ਸਾਵਧਾਨ ਰਹੋ ਜੋ ਸੱਚ ਹੋਣ ਲਈ ਬਹੁਤ ਵਧੀਆ ਜਾਪਦੀ ਹੈ।
- ਸੁਰੱਖਿਅਤ ਭੁਗਤਾਨ ਵਿਧੀਆਂ ਦੀ ਵਰਤੋਂ ਕਰੋ ਅਤੇ ਵਿਕਰੇਤਾਵਾਂ ਨੂੰ ਸਿੱਧੇ ਪੈਸੇ ਭੇਜਣ (ਡਾਇਰੈਕਟ ਟ੍ਰਾਂਸਫਰ ਕਰਨ) ਤੋਂ ਗੁਰੇਜ਼ ਕਰੋ।
- ਕਾਹਲੀ ਨਾ ਕਰੋ ਜਾਂ 'ਸੀਮਤ ਪੇਸ਼ਕਸ਼ਾਂ' ਜਾਂ ਸੇਲ ਸਮਾਪਤੀ ਦੀ 'ਪੁੱਠੀ-ਗਿਣਤੀ' ਦੇ ਦਬਾਅ ਹੇਠ ਨਾ ਆਓ।

ਧਮਕੀ ਅਤੇ ਜੁਰਮਾਨਾ



ਘੁਟਾਲੇਬਾਜ਼ ਜੁਰਮਾਨੇ ਜਾਂ ਕਾਨੂੰਨੀ ਕਾਰਵਾਈ ਕਰਨ ਦੀਆਂ ਧਮਕੀਆਂ ਦੇ ਕੇ ਪੈਸੇ ਵਸੂਲਣ ਲਈ ਅਧਿਕਾਰੀਆਂ ਜਾਂ ਭਰੋਸੇਯੋਗ ਸੰਸਥਾਵਾਂ ਦਾ ਰੂਪ ਧਾਰ ਲੈਂਦੇ ਹਨ।

ਆਪਣੇ ਆਪ ਨੂੰ ਬਚਾਉਣ ਲਈ ਸੁਝਾਅ:

- ਧਮਕੀ ਦੇਣ ਵਾਲੇ ਵਿਅਕਤੀਆਂ ਦਾ ਫ਼ੋਨ ਕੱਟ ਦਿਓ ਅਤੇ ਉਸ ਸੰਸਥਾ ਨਾਲ ਸਿੱਧਾ ਸੰਪਰਕ ਕਰੋ।
- ਇੱਕ ਜਾਇਜ਼ ਸੰਸਥਾ ਤੁਹਾਨੂੰ ਕਦੇ ਵੀ ਅਸਧਾਰਨ ਤਰੀਕਿਆਂ ਜਿਵੇਂ ਕਿ ਗਿਫ਼ਟ ਜਾਂ ਸਟੋਰ ਕਾਰਡਾਂ, iTunes ਵਾਊਚਰਾਂ, ਵਾਇਰ ਟ੍ਰਾਂਸਫਰ ਜਾਂ ਬਿਟਕੌਇਨ ਦੁਆਰਾ ਭੁਗਤਾਨ ਕਰਨ ਲਈ ਨਹੀਂ ਕਹੇਗੀ।
- ਜੇਕਰ ਤੁਸੀਂ ਆਪਣੀ ਸੁਰੱਖਿਆ ਲਈ ਚਿੰਤਤ ਹੋ, ਤਾਂ ਪੁਲਿਸ ਸਹਾਇਤਾ ਲਾਈਨ ਨਾਲ ਸੰਪਰਕ ਕਰੋ।